# ਦਫਤਰ ਜਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ।

(ਕੋਵਿਡ-19 ਕੰਟਰੋਲ ਰੂਮ)

ਹੁਕਮ

ਕੋਵਿਡ-19 ਮਹਾਂਮਾਰੀ ਦੀ ਰੋਕਥਾਮ ਲਈ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਅਨੇਕਾ ਯਤਨ ਕੀਤੇ ਜਾ ਰਹੇ ਹਨ ਪਰ ਬਾਵਜੂਦ ਇਸਦੇ ਜਿਲ੍ਹਾ ਪ੍ਰਸ਼ਾਸਨ ਦੇ ਧਿਆਨ ਵਿੱਚ ਵਿੱਚ ਆਇਆ ਹੈ ਕਿ ਜਿਲ੍ਹੇ ਵਿੱਚ ਆਏ ਦਿਨ ਵੱਖ-ਵੱਖ ਜਥੇਬੰਦੀਆਂ/ਰਾਜਸੀ ਪਾਰਟੀਆਂ ਵੱਲੋਂ ਵੱਡੀ ਗਿਣਤੀ ਵਿੱਚ ਇਕੱਠ ਕਰਕੇ ਬਿਨ੍ਹਾਂ ਕੋਵਿਡ-19 ਦੀ ਹਦਾਇਤਾਂ ਦੀ ਪਾਲਣਾਂ ਕਰਦਿਆਂ ਰੋਸ ਪ੍ਰਦਰਸ਼ਨ ਅਤੇ ਧਰਨੇ ਦਿੱਤੇ ਜਾ ਰਹੇ ਹਨ, ਜਿਸ ਨਾਲ ਸਰਕਾਰ ਵੱਲੋਂ ਕੋਵਿਡ-19 ਨੂੰ ਹਰਾਉਣ ਸਬੰਧੀ ਕੀਤੇ ਜਾ ਰਹੇ ਯਤਨਾਂ ਨੂੰ ਢਾਹ ਲੱਗ ਰਹੀ ਹੈ ਕਿਉਂਕਿ ਧਰਨਿਆਂ/ਪ੍ਰਦਸ਼ਨਾਂ ਦੌਰਾਨ ਇਕੱਠੇ ਹੋਏ ਵਿਅਕਤੀਆਂ ਵੱਲੋਂ ਸਮਾਜਿਕ ਦੂਰੀ ਅਤੇ ਮਾਸਕ ਲਗਾਉਣ ਸਬੰਧੀ ਕੋਤਾਹੀ ਦਿਖਾਈ ਜਾਂਦੀ ਹੈ। ਇਸ ਤੋਂ ਇਲਾਵਾ ਕਿਸੇ ਕਿਸਮ ਦਾ ਮੰਗ ਪੱਤਰ, ਦਰਖਾਸਤ, ਸ਼ਿਕਾਇਤ ਜਾਂ ਹੋਰ ਦਫਤਰੀ ਕੰਮ ਕਰਵਾਉਣ ਲਈ ਇੱਕ ਤੋਂ ਵੱਧ ਵਿਅਕਤੀਆਂ ਵੱਲੋਂ ਬਿਨ੍ਹਾ ਸ਼ੋਸ਼ਲ ਡਿਸਟੈਂਸਿੰਗ ਦੇ ਨਿਯਮਾਂ ਦੀ ਪਾਲਣਾਂ ਕਰਦਿਆਂ ਸਰਕਾਰੀ ਦਫਤਰਾਂ ਵਿੱਚ ਪਹੁੰਚ ਕੀਤੀ ਜਾ ਰਹੀ ਹੈ, ਜਿਸ ਨਾਲ ਇਹ ਵਿਅਕਤੀ ਦਫਤਰੀ ਅਮਲੇ ਦੇ ਨਾਲ-ਨਾਲ ਆਪਣੇ ਆਪ ਨੂੰ ਵੀ ਕੋਵਿਡ-19 ਤੋਂ ਪ੍ਰਭਾਵਿਤ ਹੋਣ ਦਾ ਖਦਸਾ ਬਣਾ ਦਿੰਦੇ ਹਨ।

ਇਸ ਲਈ ਉਪਰੋਕਤ ਹਾਲਾਤਾਂ ਨੂੰ ਮੱਦੇ ਨਜਰ ਰੱਖਦੇ ਹੋਏ ਨਿਮਨਹਸਤਾਖਰ ਵੱਲੋਂ The Punjab Epidemic Disease Act (COVID-19 Regulation). 2020 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੋਇਆਂ ਕੋਵਿਡ-19 ਦੀ ਰੋਕਥਾਮ ਲਈ ਜਿਲ੍ਹੇ ਵਿਚ ਹੇਠ ਲਿਖੇ ਅਨੁਸਾਰ ਹੁਕਮ ਜਾਰੀ ਕੀਤੇ ਜਾਂਦੇ ਹਨ:-

1. ਜਿਲ੍ਹਾ ਅੰਮ੍ਰਿਤਸਰ ਦੇ ਕਿਸੇ ਵੀ ਸਰਕਾਰੀ ਦਫਤਰ ਵਿੱਚ ਧਰਨੇ/ਰੋਸ ਪ੍ਰਦਰਸ਼ਨ ਦੀ ਪੂਰਨ ਰੂਪ ਵਿੱਚ ਮਨਾਹੀ ਹੋਵੇਗੀ। ਜੇਕਰ ਕਿਸੇ ਸੰਸਥਾ/ਜਥੇਬੰਦੀ/ਰਾਜਸੀ ਪਾਰਟੀ ਵੱਲੋਂ ਕਿਸੇ ਕਿਸਮ ਦਾ ਧਰਨਾ ਜਾਂ ਰੋਸ ਪ੍ਰਦਸ਼ਨ ਕਰਨਾ ਹੋਵੇ ਤਾਂ ਜਿਲ੍ਹੇ ਵਿੱਚ ਨਿਰਧਾਰਤ ਕੀਤੀਆਂ ਥਾਵਾਂ ਰਣਜੀਤ ਐਵੀਨਿਊ, ਨਿਊ ਅੰਮ੍ਰਿਤਸਰ (ਸ਼ਹਿਰੀ ਖੇਤਰ), ਦਾਣਾ ਮੰਡੀ (ਅਜਨਾਲਾ), ਦਾਣਾ ਮੰਡੀ (ਮਜੀਠਾ) ਅਤੇ ਦਾਣਾ ਮੰਡੀ (ਸਠਿਆਲਾ) (ਦਿਹਾਤੀ ਖੇਤਰ) ਤੇ ਹੀ ਸ਼ੋਸ਼ਲ ਡਿਸਟੈਂਸਿੰਗ ਅਤੇ ਲਾਕਡਾਊਨ ਦੇ ਨਿਯਮਾਂ ਦੀ ਪਾਲਣਾਂ ਕਰਦਿਆਂ ਨਿਸਚਿਤ ਸਮੇਂ ਅਤੇ ਨਿਸਚਿਤ ਗਿਣਤੀ ਵਿੱਚ ਹੀ ਕੀਤਾ ਜਾਵੇਗਾ।
2. ਕਿਸੇ ਕਿਸਮ ਦੀ ਸ਼ਿਕਾਇਤ ਜਾਂ ਦਰਖਾਸਤ ਦੇਣ ਲਈ ਜਾਂ ਸੇਵਾ ਪ੍ਰਾਪਤ ਕਰਨ ਲਈ ਕੇਵਲ ਇੱਕ ਵਿਅਕਤੀ ਨੂੰ ਸਰਕਾਰੀ ਦਫਤਰ ਵਿੱਚ ਪ੍ਰਵੇਸ਼ ਕਰਨ ਦੀ ਆਗਿਆ ਹੋਵੇਗੀ। ਇਸ ਤੋਂ ਇਲਾਵਾ ਵਿਸ਼ੇਸ਼ ਹਾਲਾਤਾਂ ਜਿਵੇਂ ਕਿ ਅੰਗਹੀਣ, ਬਜੁਰਗ, ਗਰਭਵਤੀ ਔਰਤ ਜਾਂ ਆਸ਼ਰਿਤ ਵਿਅਕਤੀ ਦੇ ਨਾਲ ਇੱਕ ਵਿਅਕਤੀ ਸਾਥੀ ਵੱਜੋਂ ਸਰਕਾਰੀ ਦਫਤਰ ਵਿੱਚ ਪ੍ਰਵੇਸ਼ ਕਰ ਸਕਦਾ ਹੈ।
3. ਦਫਤਰ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਨਾਲ ਸਬੰਧਤ ਜਰੂਰੀ ਸਰਵਿਸ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਹੈਲਪਾਈਨ ਨੰਬਰ 0183-2500398, 2500598, 2500698 ਅਤੇ ਈਮੇਲ ਆਈ.ਡੀ. dcofficehelpdeskasr@gmail.com ਰਾਹੀਂ ਸੰਪਰਕ ਕੀਤਾ ਜਾਵੇ। ਇਹ ਨੰਬਰ 24 ਘੰਟੇ ਚਾਲੂ ਰਹਿਣਗੇ।
4. ਕਿਸੇ ਤਰ੍ਹਾਂ ਦਾ ਮੰਗ ਪੱਤਰ ਈ.ਮੇਲ ਆਈ.ਡੀ. dc.asr@punjab.gov.in ਤੇ ਭੇਜਿਆ ਜਾਵੇ, ਜੋ ਯੋਗ ਪ੍ਰਣਾਲੀ ਰਾਹੀਂ ਸਰਕਾਰ ਨੂੰ ਭੇਜ ਦਿੱਤਾ ਜਾਵੇਗਾ।
5. ਉਪਰੋਕਤ ਤੋਂ ਇਲਾਵਾ ਆਮ ਦੇਖਣ ਵਿਚ ਆਇਆ ਹੈ ਕਿ ਲੋਕ ਸ਼ੋਸ਼ਲ ਮੀਡਿਆ (facebook, whatsapp, youtube ਆਦਿ) ਤੇ ਬਿਨ੍ਹਾ ਤਸਦੀਕ ਕੀਤੇ ਗੈਰ-ਜਿੰਮੇਵਾਰ, ਭੜਕਾਊ ਜਾਂ ਅਫਵਾਹਾਂ ਤੇ ਆਧਾਰਿਤ ਕੋਵਿਡ-19 ਸਬੰਧਤ ਪੋਸਟ ਪਾ ਦਿੰਦੇ ਹਨ, ਜਿਸ ਨਾਲ ਆਮ ਜਨਤਾ ਵਿਚ ਰੋਸ਼ ਜਾਂ ਡਰ ਉਤਪੰਨ ਹੁੰਦਾ ਹੈ। ਜੇਕਰ ਅਜਿਹਾ ਕੋਈ ਕੇਸ ਸਾਹਮਣੇ ਆਉਂਦਾ ਹੈ ਤਾਂ ਉਹ The Punjab Epidemic Disease, Act COVID-19, Regulation, 2020 ਅਧੀਨ ਸਜਾ ਯੋਗ ਅਪਰਾਧ ਹੋਵੇਗਾ ਅਤੇ ਸਬੰਧਤ ਵਿਅਕਤੀ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ।

ਜ਼ਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ।

ਪਿੱਠਅੰਕਣ ਨੰਬਰ ਕੋਵਿਡ-19/ 2018-75 ਮਿਤੀ: 24/6/2020

ਇਸ ਦਾ ਇੱਕ ਉਤਾਰਾ:-

1. ਕਮਿਸ਼ਨਰ ਪੁਲਿਸ, ਅੰਮ੍ਰਿਤਸਰ (ਸ਼ਹਿਰ) ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਦਫਤਰ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਅਤੇ ਕੰਟਰੋਲ ਰੂਮ, ਜ਼ਿਲ੍ਹਾ ਰੈਡ ਕਰਾਸ ਸੁਸਾਇਟੀ, ਅੰਮ੍ਰਿਤਸਰ ਵਿਖੇ ਉਕਤ ਹੁਕਮਾਂ ਦੀ ਪਾਲਣਾਂ ਹਿੱਤ ਉਚਿਤ ਮਾਤਰਾ ਵਿੱਚ ਪੱਕੇ ਤੌਰ ਤੇ ਪੁਲਿਸ ਕਰਮਚਾਰੀ ਤਾਇਨਾਤ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ। ਇਸ ਤੋਂ ਇਲਾਵਾ ਜੇਕਰ ਕਿਸੇ ਸਰਕਾਰੀ ਦਫਤਰ ਵੱਲੋਂ ਪੁਲਿਸ ਸੁਰੱਖਿਆ ਦੀ ਮੰਗ ਕੀਤੀ ਜਾਂਦੀ ਹੈ ਤਾਂ ਉਹਨਾਂ ਨੂੰ ਮੁਹੱਈਆ ਕਰਵਾਈ ਜਾਵੇ।
2. ਕਮਿਸ਼ਨਰ, ਨਗਰ ਨਿਗਮ, ਅੰਮ੍ਰਿਤਸਰ,
3. ਸੀਨੀਅਰ ਪੁਲਿਸ ਕਪਤਾਨ, ਅੰਮ੍ਰਿਤਸਰ (ਦਿਹਾਤੀ),
4. ਸਮੂਹ ਉਪ ਮੰਡਲ ਮੈਜਿਸਟਰੇਟ, ਜਿਲ੍ਹਾ ਅੰਮ੍ਰਿਤਸਰ,
5. ਜਿਲ੍ਹਾ ਲੋਕ ਸੰਪਰਕ ਅਫਸਰ, ਅੰਮ੍ਰਿਤਸਰ

ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ।

Scanned with CamScanner